ਐਸ.ਸੀ.ਓ ਦੀ ਬੈਠਕ ਦੀ ਮੇਜ਼ਬਾਨੀ ਲਈ ਤਿਆਰ ਪਾਕਿ, ਸੁਰੱਖਿਆ ਦੇ ਸਖ਼ਤ ਪ੍ਰਬੰਧ

ਇਸਲਾਮਾਬਾਦ, 14 ਅਕਤੂਬ : ਪਾਕਿਸਤਾਨ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੀ ਬੈਠਕ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ ਅਤੇ ਇਸ ਦੇ ਮੱਦੇਨਜ਼ਰ ਸੋਮਵਾਰ ਨੂੰ ਇਸਲਾਮਾਬਾਦ ਵਿਚ ਸੁਰੱਖਿਆ ਵਧਾ ਦਿਤੀ ਗਈ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ। ਇਸ ਵਿਸ਼ਾਲ ਅੰਤਰਰਾਸ਼ਟਰੀ ਸਮਾਗਮ ਵਿਚ ਹਿੱਸਾ ਲੈਣ ਲਈ ਵਿਦੇਸ਼ੀ ਪਤਵੰਤੇ ਪਾਕਿਸਤਾਨ ਪੁਜਣੇ ਸ਼ੁਰੂ ਹੋ ਗਏ ਹਨ। ਦੇਸ਼ ਭਰ ਵਿਚ ਵੱਧ ਰਹੇ ਅਤਿਵਾਦੀ ਹਮਲਿਆਂ ਅਤੇ ਜੇਲ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਵਲੋਂ ਲਗਾਤਾਰ ਵਿਰੋਧ ਪ੍ਰਦਰਸ਼ਨਾਂ ਨੂੰ ਜਾਰੀ ਰੱਖਣ ਕਾਰਨ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦੇ ਖ਼ਦਸ਼ੇ ਦੀ ਪਿੱਠਭੂਮੀ ਵਿਚ ਇਸ ਸਮਾਗਮ ਦਾ ਆਯੋਜਨ ਹੋ ਰਿਹਾ ਹੈ।

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਚੀਨ ਅਤੇ ਰੂਸ ਦੇ ਪ੍ਰਧਾਨ ਮੰਤਰੀ ਇਥੇ ਸਰਕਾਰ ਦੇ ਮੁਖੀਆਂ ਦੀ ਦੋ-ਰੋਜ਼ਾ 23ਵੀਂ ਐਸ.ਸੀ.ਓ. ਕੌਂਸਲ (ਸੀ.ਐਚ.ਜੀ.) ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਹਨ, ਜਿਥੇ ਉਹ

ਆਰਥਿਕਤਾ, ਵਪਾਰ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਚੱਲ ਰਹੇ ਸਹਿਯੋਗ ਬਾਰੇ ਚਰਚਾ ਕਰਨਗੇ। ਸੀ.ਐੱਚ.ਜੀ. ਦੀ ਮੀਟਿੰਗ ਵਿਚ ਆਰਥਿਕਤਾ, ਵਪਾਰ, ਵਾਤਾਵਰਣ, ਸਮਾਜਿਕ-ਸਭਿਆਚਾਰਕ ਸਬੰਧਾਂ ਦੇ ਖੇਤਰਾਂ ਵਿਚ ਚੱਲ ਰਹੇ ਸਹਿਯੋਗ ਬਾਰੇ ਚਰਚਾ ਕੀਤੀ ਜਾਵੇਗੀ ਅਤੇ ਸੰਸਥਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਜਾਵੇਗੀ। ਇਹ ਆਗੂ ਐਸ.ਸੀ.ਓ ਮੈਂਬਰ ਦੇਸ਼ਾਂ ਦਰਮਿਆਨ ਸਹਿਯੋਗ ਨੂੰ ਹੋਰ ਵਧਾਉਣ ਲਈ ਮਹੱਤਵਪੂਰਨ ਸੰਗਠਨਾਤਮਕ ਫ਼ੈਸਲੇ ਲੈਣਗੇ ਅਤੇ ਸੰਗਠਨ ਦੇ ਬਜਟ ਨੂੰ ਮਨਜ਼ੂਰੀ ਦੇਣਗੇ। (ਏਜੰਸੀ)

ਜਪਾਨ ਦੌਰੇ 'ਤੇ ਫ਼ੌਜ ਮੁਖੀ ਜਨਰਲ ਦਿਵੇਦੀ, ਰਖਿਆ ਸਬੰਧ ਮਜ਼ਬੂਤ ਕਰਨ 'ਤੇ ਰਹੇਗਾ ਜ਼ੋਰ

ਟੋਕੀਓ, 14 ਅਕਤੂਬਰ: ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਜਾਪਾਨ ਤੇ ਭਾਰਤ ਵਿਚਾਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੂਰਬੀ ਏਸ਼ੀਆਈ ਦੇਸ਼ ਦੇ ਚਾਰ ਦਿਨਾ ਦੌਰੇ 'ਤੇ ਹਨ। ਥਲ ਸੈਨਾ ਮੁਖੀ 14 ਤੋਂ 17 ਅਕਤੂਬਰ ਤਕ ਜਾਪਾਨ ਦੇ ਦੌਰੇ 'ਤੇ ਹੋਣਗੇ। ਇਸ ਦੌਰਾਨ ਉਹ ਹੀਰੋਸ਼ੀਮਾ ਵੀ ਜਾਣਗੇ, ਜਿੱਥੇ ਉਹ ਹੀਰੋਸ਼ੀਮਾ ਪੀਸ ਪਾਰਕ ਵਿਖੇ ਸ਼ਰਧਾਂਜਲੀ ਭੇਟ ਕਰਨਗੇ। ਉਹ ਸ਼ਾਂਤੀ ਪਾਰਕ 'ਚ ਮਹਾਤਮਾ ਗਾਂਧੀ ਦੀ ਮੂਰਤੀ 'ਤੇ ਵੀ ਸ਼ਰਧਾਂਜਲੀ ਭੇਟ ਕਰਨਗੇ। ਰੱਖਿਆ ਮੰਤਰਾਲੇ ਨੇ ਇੱਥੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਦੌਰਾ 'ਭਾਰਤ ਤੇ ਜਾਪਾਨ ਵਿਚਾਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਹੈ।' ਜਨਰਲ ਦਿਵੇਦੀ ਸੋਮਵਾਰ ਨੂੰ ਜਾਪਾਨ 'ਚ ਭਾਰਤ ਦੇ ਰਾਜਦੂਤ ਸਿਬੀ ਜਾਰਜ ਨਾਲ ਗੱਲਬਾਤ ਕਰਨਗੇ ਤੇ ਫਿਰ ਟੋਕੀਓ 'ਚ ਹਿੱਸਾ ਲੈਣਗੇ। (ਏਜੰਸੀ)

ਕਮਲਾ ਹੈਰਿਸ ਬਣੇਗੀ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ: ਮਾਹਿਰ ਨੇ ਕੀਤੀ ਭਵਿੱਖਬਾਣੀ

ਵਾਸ਼ਿੰਗਟਨ ਡੀਸੀ, 14 ਅਕਤੂਬਰ: ਅਮਰੀਕੀ ਯੂਨੀਵਰਸਿਟੀ ਦੇ ਇਕ ਪ੍ਰਸਿਧ ਪ੍ਰੋਫੈਸਰ ਐਲਨ ਲਿਕਟਮੈਨ ਨੇ 'ਵ੍ਹਾਈਟ ਹਾਊਸ ਕੀਅ' ਵਜੋਂ ਜਾਣੀ ਜਾਂਦੀ ਇਕ ਭਵਿੱਖਬਾਣੀ ਪ੍ਰਣਾਲੀ ਵਿਕਸਤ ਕੀਤੀ ਹੈ, ਜਿਸ ਨੇ 1984 ਤੋਂ ਬਾਅਦ ਸਾਰੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਦੀ ਸਹੀ ਭਵਿਖਬਾਣੀ ਕੀਤੀ ਹੈ। ਜਾਣਕਾਰੀ ਅਨੁਸਾਰ ਐਲਨ ਲਿਕਟਮੈਨ ਨੇ 1981 ਵਿਚ ਰੂਸੀ ਭੂ-ਭੌਤਿਕ ਵਿਗਿਆਨੀ ਵਲਾਦੀਮੀਰ ਕੇਲਿਸ-ਬੋਰੋਕ ਦੀ ਮਦਦ ਨਾਲ ਇਹ ਪ੍ਰਣਾਲੀ ਵਿਕਸਤ ਕੀਤੀ ਸੀ ਅਤੇ ਭੂਚਾਲ ਦੀ ਭਵਿੱਖਬਾਣੀ ਲਈ ਕੇਲਿਸ-ਬੋਰੋਕ ਦੁਆਰਾ ਤਿਆਰ ਕੀਤੇ ਗਏ ਅਗਾਊਂ ਅਨੁਮਾਨ ਦੇ ਤਰੀਕਿਆਂ ਨੂੰ ਅਪਣਾਇਆ ਸੀ। ਜਾਣਕਾਰੀ ਮੁਤਾਬਕ ਇਸ ਸਿਸਟਮ 'ਚ ਕੁੱਲ 13 ਕੀਅਜ਼ ਹਨ। (ਏਜੰਸੀ)

ਸ੍ਰੀਲੰਕਾ 'ਚ ਸ਼ੁਰੂ ਹੋ ਸਕਦਾ ਹੈ ਅਡਾਨੀ ਦਾ ਬਿਜਲੀ ਪ੍ਰਾਜੈਕਟ, ਨਵੀਂ ਸਰਕਾਰ ਮੁੜ ਦੇ ਸਕਦੀ ਹੈ ਪ੍ਰਵਾਨਗੀ

ਕੋਲੰਬੋ, 14 ਅਕਤੂਬਰ: ਸ੍ਰੀਲੰਕਾ ਦੇ ਨਵੇਂ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਦੀ ਸੁਪਰੀਮ ਕੋਰਟ ਨੂੰ ਦਸਿਆ ਕਿ ਉਹ ਪਿਛਲੀ ਸਰਕਾਰ ਦੁਆਰਾ ਭਾਰਤ ਦੇ ਅਡਾਨੀ ਸਮੂਹ ਨੂੰ ਪੌਣ ਊਰਜਾ ਪ੍ਰੋਜੈਕਟ ਲਈ ਦਿੱਤੀ ਗਈ ਮਨਜ਼ੂਰੀ 'ਤੇ ਮੁੜ ਵਿਚਾਰ ਕਰੇਗੀ। ਅਟਾਰਨੀ ਜਨਰਲ ਨੇ ਸੁਪਰੀਮ ਕੋਰਟ ਨੂੰ ਦਿਤੀ ਜਾਣਕਾਰੀ ਅਟਾਰਨੀ ਜਨਰਲ ਦੀ ਤਰਫ਼ੋਂ, ਸੁਪਰੀਮ ਕੋਰਟ (ਐਸਸੀ) ਦੇ ਪੰਜ ਮੈਂਬਰੀ ਬੈਂਚ ਨੂੰ ਦਸਿਆ ਗਿਆ ਕਿ ਪ੍ਰਾਜੈਕਟ ਦੀ ਸਮੀਖਿਆ ਕਰਨ ਦਾ ਫ਼ੈਸਲਾ 7 ਅਕਤੂਬਰ ਨੂੰ ਹੋਈ ਕੈਬਨਿਟ ਮੀਟਿੰਗ ਵਿਚ ਲਿਆ ਗਿਆ ਸੀ। ਅਦਾਲਤ ਨੂੰ ਦਸਿਆ ਗਿਆ ਕਿ ਨਵੀਂ ਸਰਕਾਰ ਦੇ ਅੰਤਿਮ ਫ਼ੈਸਲੇ ਦਾ ਐਲਾਨ 14 ਨਵੰਬਰ ਨੂੰ ਹੋਣ ਵਾਲੀਆਂ ਸੰਸਦੀ ਚੋਣਾਂ ਤੇ ਨਵੇਂ ਮੰਤਰੀ ਮੰਡਲ ਦੇ ਗਠਨ ਤੋਂ ਬਾਅਦ ਕੀਤਾ ਜਾਵੇਗਾ। ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕੇ ਨੇ 21 ਸਤੰਬਰ ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਨੈਸ਼ਨਲ ਪੀਪਲਜ਼ ਪਾਵਰ (ਐਨਪੀਪੀ) ਗਠਜੋੜ ਇਸ ਪ੍ਰੋਜੈਕਟ ਨੂੰ ਰੱਦ ਕਰ ਦੇਵੇਗਾ। (ਏਜੰਸੀ)

ਖਾਣਾ-ਪੀਣਾ ਹੋਇਆ ਮਹਿੰਗਾ, ਸਤੰਬਰ 'ਚ ਥੋਕ ਮਹਿੰਗਾਈ ਦਰ ਵਧ ਕੇ ਹੋਈ 1.84 ਫ਼ੀ ਸਦੀ

ਨਵੀਂ ਦਿੱਲੀ, 14 ਅਕਤੂਬਰ : ਖਾਣ-ਪੀਣ ਦੀਆਂ ਚੀਜ਼ਾਂ, ਖ਼ਾਸ ਤੌਰ 'ਤੇ ਸਬਜ਼ੀਆਂ ਮਹਿੰਗੀਆਂ ਹੋਣ ਕਾਰਨ ਸਤੰਬਰ 'ਚ ਥੋਕ ਮਹਿੰਗਾਈ ਦਰ ਵਧ ਕੇ 1.84 ਫ਼ੀ ਸਦੀ 'ਤੇ ਪਹੁੰਚ ਗਈ। ਸੋਮਵਾਰ ਨੂੰ ਜਾਰੀ ਸਰਕਾਰੀ ਅੰਕੜਿਆਂ 'ਚ ਇਹ ਜਾਣਕਾਰੀ ਦਿਤੀ ਗਈ। ਥੋਕ ਮੁੱਲ ਸੂਚਕ ਅੰਕ (ਡਬਲਯੂ.ਪੀ.ਆਈ.) ਆਧਾਰਤ ਮਹਿੰਗਾਈ ਅਗੱਸਤ 'ਚ 1.31 ਫ਼ੀ ਸਦੀ ਰਹੀ। ਪਿਛਲੇ ਸਾਲ ਸਤੰਬਰ 'ਚ ਇਹ 0.07 ਫ਼ੀ ਸਦੀ ਘੱਟ ਸੀ।

ਖਾਣ-ਪੀਣ ਦੀਆਂ ਚੀਜ਼ਾਂ ਦੀ ਮਹਿੰਗਾਈ ਦਰ ਸਤੰਬਰ 'ਚ ਵਧ ਕੇ 11.53 ਫੀ ਸਦੀ ਹੋ ਗਈ, ਜੋ ਅਗੱਸਤ 'ਚ 3.11 ਫ਼ੀ ਸਦੀ ਸੀ।

ਇਸ ਦਾ ਕਾਰਨ ਸਬਜ਼ੀਆਂ ਦੀ ਮਹਿੰਗਾਈ ਸੀ, ਜੋ ਸਤੰਬਰ 'ਚ ਵਧ ਕੇ 48.73 ਫ਼ੀ ਸਦੀ ਹੋ ਗਈ। ਅਗੱਸਤ 'ਚ ਇਸ 'ਚ 10.01 ਫ਼ੀ ਸਦੀ ਦੀ ਗਿਰਾਵਟ ਆਈ ਸੀ। ਆਲੂ ਅਤੇ ਪਿਆਜ਼ ਦੀ ਮਹਿੰਗਾਈ ਸਤੰਬਰ 'ਚ ਲੜੀਵਾਰ 78.13 ਫੀ ਸਦੀ ਅਤੇ 78.82 ਫ਼ੀ ਸਦੀ ਰਹੀ। ਬਾਲਣ ਅਤੇ ਬਿਜਲੀ ਸ਼੍ਰੇਣੀ 'ਚ ਸਤੰਬਰ 'ਚ 4.05 ਫ਼ੀ ਸਦੀ ਦੀ ਗਿਰਾਵਟ ਆਈ, ਜੋ ਅਗੱਸਤ 'ਚ 0.67 ਫ਼ੀ ਸਦੀ ਸੀ। (ਏਜੰਸੀ)

ਮੈਕਸੀਕੋ 'ਚ ਬੈਗਾਂ 'ਚੋਂ ਮਿਲੀਆਂ 5 ਲਾਸ਼ਾਂ

ਮੈਕਸੀਕੋ ਸਿਟੀ, 14 ਅਕਤੂਬਰ : ਮੈਕਸੀਕੋ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਮੈਕਸੀਕੋ ਦੇ ਪੱਛਮੀ ਰਾਜ ਜੈਲਿਸਕੋ ਵਿਚ ਸੜਕ ਕਿਨਾਰੇ ਬੈਗਾਂ ਵਿਚ ਪੰਜ ਖ਼ੁਰਦ-ਬੁਰਦ ਲਾਸ਼ਾਂ ਮਿਲੀਆਂ। ਜੈਲਿਸਕੋ ਸਟੇਟ ਪ੍ਰੌਸੀਕਿਊਟਰ ਦੇ ਦਫ਼ਤਰ ਦੇ ਇਕ ਬਿਆਨ ਅਨੁਸਾਰ ਪੰਜ ਵਿਅਕਤੀਆਂ ਦੀਆਂ ਲਾਸ਼ਾਂ ਕਾਲੇ ਪਲਾਸਟਿਕ ਦੇ ਥੈਲਿਆਂ ਵਿਚ ਲਪੇਟੀਆਂ ਹੋਈਆਂ ਸਨ। ਅਜੇ ਉਨ੍ਹਾਂ ਦੀ ਉਮਰ ਦਾ ਪੁਗਟਾਵਾ ਨਹੀਂ ਕੀਤਾ ਗਿਆ। ਬਿਆਨ ਅਨੁਸਾਰ ਲਾਸ਼ਾਂ ਦੀ ਜਲਿਸਕੋ ਇੰਸਟੀਚਿਊਟ ਆਫ਼ ਫ਼ੋਰੈਂਸਿਕ ਸਾਇੰਸਜ਼ ਅਤੇ ਫ਼ੋਰੈਂਸਿਕ ਮੈਡੀਕਲ ਸੇਵਾ ਵਿਚ ਜਾਂਚ ਕੀਤੀ ਗਈ। (ਏਜੰਸੀ)

ਪੰਜਾਬ ਨੈਸ਼ਨਲ ਬੈਂਕ ...ਭਰੋਸੇ ਦਾ ਦੂਜਾ ਨਾਮ — punjab national bank ...the name you can BANK upon!

ਬ੍ਰਾਂਚ ਦਫਤਰ: ਸਿੰਬਲ ਚੌਕ, ਬਟਾਲਾ 122700 ਜ਼ਿਲ੍ਹਾ ਗੁਰਦਾਸਪੁਰ

ਲੌਕਰਾਂ ਦੇ ਕਿਰਾਏ ਦੇ ਏਰੀਅਰ ਲਈ ਨੋਟਿਸ

ਪੰਜਾਬ ਨੈਸ਼ਨਲ ਬੈਂਕ ਨੇ ਹੇਠਾਂ ਟੇਬਲ ਵਿਚ ਦਿੱਤੇ ਗਏ ਸਬੰਧਤ ਲੋਕ ਕਿਰਾਏਦਾਰਾਂ ਨੂੰ ਸੇਫ ਡਿਪੋਜ਼ਿਟ ਵੌਲਟਸ (ਲੌਕਰ) ਕਿਰਾਏ 'ਤੇ ਦਿੱਤੇ ਸਨ। ਲੌਕਰ ਕਿਰਾਏਦਾਰਾਂ ਵੱਲੋਂ ਪਿਛਲੇ 3 ਸਾਲਾਂ ਤੋਂ ਕਿਰਾਇਆ ਅਤੇ ਉਨ੍ਹਾਂ ਵਿਰੁੱਧ ਕਿਰਾਏ ਦਾ ਏਰੀਅਰ ਅਦਾ ਨਹੀਂ ਕੀਤਾ ਗਿਆ। ਬੈਂਕ ਵੱਲੋਂ ਸਬੰਧਤ ਲੌਕਰ ਕਿਰਾਏਦਾਰਾਂ ਨੂੰ ਏਰੀਅਰ ਵਿਚ ਓਵਰਡਿਊ ਲੌਕਰ ਦੇ ਕਿਰਾਏ ਦੀ ਅਦਾਇਗੀ ਲਈ ਯਾਦ ਨੋਟਿਸ, ਟਰਮੀਨੇਸ਼ਨ ਨੋਟਿਸ ਅਤੇ ਫਾਈਨਲ ਨੋਟਿਸ ਜਾਰੀ ਕੀਤਾ ਗਿਆ ਪਰ ਲੌਕਰ ਕਿਰਾਏਦਾਰਾਂ ਵਲੋਂ ਅਜੇ ਤੱਕ ਜਮਾਂ ਨਹੀਂ ਕਰਵਾਈ ਗਈ।

ਲੌਕਰ ਨੰਬਰ	ਲੌਕਰ ਹੋਲਡਰ ਦਾ ਨਾਮ	ਬ੍ਰਾਂਚ ਰਿਕਾਰਡ ਅਨੁਸਾਰ ਲੌਕਰ ਹੋਲਡਰ ਦਾ ਪਤਾ
AC000011	ਸ੍ਰੀ ਕੇਵਲ ਕ੍ਰਿਸ਼ਨ ਅਤੇ ਪ੍ਰੇਮ ਬਾਲਾ	ਮਕਾਨ ਨੰ 234, ਅਟਾਰੀਆਂ ਮੋਹੱਲਾ, ਨੇੜੇ ਕਪੂਰੀ ਗੇਟ, ਬਟਾਲਾ 143505
AC000132	ਸ੍ਰੀਮਤੀ ਮਨਦੀਪ ਕੌਰ ਪਤਨੀ ਕੁਲਦੀਪ ਸਿੰਘ (ਕੋਧੀ) ਅਤੇ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਦਰਸ਼ਨ ਸਿੰਘ	ਰੋਡ 'ਤੇ ਡੇਰਾ, ਜੌਲ ਨੰਗਲ ਤੋਂ ਜੌੜਾ ਸਿੰਘਾ, ਪਿੰਡ ਤੇ ਡਾਕ: ਜੌੜਾ ਸਿੰਘਾ, ਬਟਾਲਾ 143505

ਲੌਕਰ ਕਿਰਾਏਦਾਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਨੋਟਿਸ ਤੋਂ ਦੋ ਮਹੀਨੇ ਦੇ ਅੰਦਰ ਬੈਂਕ ਨੂੰ ਬਕਾਇਆ (ਸਮੇਤ ਏਰੀਅਰ ਅਤੇ ਜੁਰਮਾਨੇ ਜੇਕਰ ਕੋਈ ਹੈ) ਰਕਮ ਪ੍ਰਾਪਤ ਨਹੀਂ ਹੁੰਦੀ ਹੈ ਤਾਂ, ਉਪਰੋਕਤ ਲੌਕਰਾਂ ਨੂੰ ਰੈਂਟ ਡੀਡ ਦੇ ਕਲੌਜ ਨੰ 3.3 ਅਨੁਸਾਰ ਸਬੰਧਤ ਲੌਕਰ ਉਨ੍ਹਾਂ ਦੀ ਜਿੰਮੇਵਾਰੀ ਅਤੇ ਲਾਗਤ 'ਤੇ ਤੋੜ ਕੇ ਖੋਲਿਆ ਜਾਵੇਗਾ ਅਤੇ ਬੈਂਕ ਵੱਲੋਂ ਬਕਾਇਆਂ ਦੀ ਪ੍ਰਾਪਤੀ ਲਈ ਲੌਕਰ ਵਿਚਲੇ ਸਮਾਲ ਨੂੰ ਥੋੜਾ ਜਾਂ ਸਾਰੇ ਜਨਤਕ ਜਾਂ ਨਿਜੀ ਵਿਕਰੀ ਰਾਹੀਂ ਵੇਚਿਆ। ਬੈਂਕ ਦੇ ਕਿਰਾਏ ਦੇ ਸੰਤੁਸ਼ਟ ਹੋਣ ਤੋਂ ਬਾਅਦ ਲਾਕਰ ਦੀ ਕੋਈ ਰਕਮ ਅਤੇ ਸਮੱਗਰੀ ਬਾਕੀ ਬਚੀ ਹੈ ਜੋ ਸਾਹ ਲੈਣ ਵਾਲੇ ਲਾਕਰ ਕਿਰਾਏ 'ਤੇ ਲੈਣ ਵਾਲੇ ਦੇ ਪੂਰੇ ਜ਼ੋਖਮ, ਜਿੰਮੇਵਾਰੀ ਅਤੇ ਲਾਗਤ ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਅਜਿਹੀ ਵਿਕਰੀ ਦੀ ਕਮਾਈ ਬੈਂਕ ਦੇ ਬਕਾਏ ਦੀ ਵਸੂਲੀ ਲਈ ਨਾਕਾਫੀ ਰਹਿਦੀ ਹੈ ਤਾਂ ਲਾਕਰ ਕਿਰਾਏਦਾਰ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 15-10-2024 ਸਥਾਨ : ਬਟਾਲਾ ਸਹੀ/- ਬ੍ਰਾਂਚ ਮੈਨੇਜਰ

ਪੰਜਾਬ ਸਰਕਾਰ

ਮਿਊਂਸਪਲ ਕੌਂਸਿਲ ਜ਼ੀਰਕਪੁਰ, ਬਰਾਂਚ

ਟੈਂਡਰ ਸੱਦਾ ਸੂਚਨਾ

ਟੈਂਡਰ ਰੈਫਰੈਂਸ ਨੰ.....

ਵਿਭਾਗ ਸਥਾਨਕ ਸਰਕਾਰ, ਪੰਜਾਬ ਆਨਲਾਈਨ ਬੋਲੀਆਂ ਮੰਗਦਾ ਹੈ।

ਬੰਦ ਹੋਣ ਦੀ ਮਿਤੀ ਅਤੇ ਸਮਾਂ : ਟੈਕਨੀਕਲ ਬੋਲੀ : 04.11.2024 ਨੂੰ ਸ਼ਾਮ 05.00 ਵਜੇ
ਵਿੱਤੀ ਬੋਲੀ : 04.11.2024 ਨੂੰ ਸ਼ਾਮ 05.00 ਵਜੇ

ਵੇਰਵਿਆਂ ਲਈ ਲਾਗਆਨ ਕਰੋ : http://eproc.punjab.gov.in

ਨੋਟ : ਟੈਂਡਰ ਨੋਟਿਸ ਦੀ ਸੋਧ, ਜੇਕਰ ਕੋਈ ਹੋਈ ਕੇਵਲ ਵੈਬਸਾਈਟ http://eproc.punjab.gov.in ਤੇ ਪ੍ਰਕਾਸ਼ਤ ਕੀਤੀ ਜਾਵੇਗੀ।

38360 ਕਾਰਜ ਸਾਧਕ ਅਫ਼ਸਰ ਨਗਰ ਕੌਂਸਲ, ਜ਼ੀਰਕਪੁਰ

ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ

ਰਜਿਸਟਰਡ ਦਫ਼ਤਰ : 11ਵੀਂ ਮੰਜਿਲ, ਟਾਵਰ ਏ, ਪੈਨਿਨਸੁਲਾ ਬਿਜਨਸ ਪਾਰਕ ਗਣਪਤਰਾਓ ਕਦਮ ਮਾਰਗ, ਲੋਅਰ ਪਰੇਲ, ਮੁੰਬਈ 400013, ਸੀਆਈਐਨ ਨੰ: U67190MH2008PLC187552

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

(ਸਿਕਿਊਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002, ਦੇ ਰੂਲ 8(1) ਨਾਲ ਪੜ੍ਹੇ ਜਾਂਦੇ ਅਪੈਂਡਿਕਸ IV ਅਨਸਾਰ)

ਜਦੋਂਕਿ ਨਿਮਨਹਸਤਾਖ਼ੀ ਨੇ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਵਜੋਂ ਸਿਕਿਊਰਟਾਈਜੇਸ਼ਨ ਤੇ ਰੀਕਨਸਟਰਕਸ਼ਨ ਆਫ਼ ਫਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਊਰਟੀ ਇੰਟਰਸਟ ਐਕਟ 2002 ਅਧੀਨ ਅਤੇ ਸਿਕਿਊਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਲਿਖੀਆਂ ਮਿਤੀਆਂ ਨੂੰ ਸਬੰਧਤ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਨੋਟਿਸਾਂ ਵਿਚ ਦਰਸਾਈ ਰਾਸ਼ੀ(ਆਂ) ਸਮੇਤ ਵਿਆਜ਼ ਅਤੇ ਹੋਰ ਖਰਚੇ ਦਾ ਭੁਗਤਾਨ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਕਿਹਾ ਗਿਆ।

ਇਹ ਕਰਜ਼ਦਾਰ(ਾਂ)/ਗਰੰਟਰ(ਾਂ) ਅਪਣੀ ਰਾਸ਼ੀ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਇਨ੍ਹਾਂ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧਿਕਾਰਤ ਅਫ਼ਸਰ ਨੇ ਉਪਰ ਦੱਸੇ ਐਕਟ ਦੀ ਸੈਕਸ਼ਨ 13(4), ਜਿਸ ਨੂੰ ਉਪਰੋਕਤ ਰੂਲਜ਼ ਦੇ ਨਿਯਮ 8 ਨਾਲ ਪੜ੍ਹਿਆ ਜਾਵੇ, ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਖ਼ਾਸ ਤੌਰ 'ਤੇ ਇਨ੍ਹਾਂ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਜਾਇਦਾਦ/ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੇਣ-ਦੇਣ ਨਾ ਕਰਨ ਅਤੇ ਇਸ ਜਾਇਦਾਦ/ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਟਾਟਾ ਕੈਪੀਟਲ ਹਾਊਸਿੰਗ ਫ